BRITISH COLUMBIA HealthLinkBC

Punjabi - Number 67
October 2022

# ਨਿਊਬੌਰਨ ਬਲੱਡ ਸਪੌਟ ਕਾਰਡ ਸਕ੍ਰੀਨਿੰਗ
# Newborn Blood Spot Card Screening

## ਮੇਰੇ ਬੱਚੇ ਨੂੰ ਸਕ੍ਰੀਨ ਕਿਉਂ ਕੀਤਾ ਜਾਂਦਾ ਹੈ?

ਤੁਹਾਡੇ ਬੱਚੇ ਦੇ ਖੂਨ ਦੀ ਇੱਕ ਛੋਟੀ ਜਿਹੀ ਬੂੰਦ ਉਸ ਦੀ ਸਿਹਤ ਬਾਰੇ ਅਹਿਮ ਜਾਣਕਾਰੀ ਪ੍ਰਾਪਤ ਕਰਨ ਲਈ ਵਰਤੀ ਜਾ ਸਕਦੀ ਹੈ।ਇੱਕ ਨਵਜੰਮਿਆ ਬੱਚਾ ਤੰਦਰੁਸਤ ਦਿਖ ਸਕਦਾ ਹੈ ਪਰ ਉਸਨੂੰ ਇੱਕ ਦੁਰਲੱਭ ਅਤੇ ਗੰਭੀਰ ਬਿਮਾਰੀ ਹੋ ਸਕਦੀ ਹੈ ਜਿਸ ਬਾਰੇ ਤੁਹਾਨੂੰ ਅਤੇ ਤੁਹਾਡੇ ਡਾਕਟਰ ਜਾਂ ਦਾਈ ਨੂੰ ਪਤਾ ਨਹੀਂ ਹੋ ਸਕਦਾ।ਨਿਊਬੌਰਨ ਸਕ੍ਰੀਨਿੰਗ ਉਹਨਾਂ ਬੱਚਿਆਂ ਨੂੰ ਲੱਭਦੀ ਹੈ ਜਿਹਨਾਂ ਵਿੱਚ ਇਹ ਦੁਰਲੱਭ ਬਿਮਾਰੀਆਂ ਹੋ ਸਕਦੀਆਂ ਹਨ। ਇਹਨਾਂ ਬਿਮਾਰੀਆਂ ਨੂੰ ਜਲਦੀ ਲੱਭਣਾ ਅਤੇ ਉਹਨਾਂ ਦਾ ਇਲਾਜ ਕਰਨਾ ਗੰਭੀਰ ਸਿਹਤ ਸਮੱਸਿਆਵਾਂ ਨੂੰ ਰੋਕਦਾ ਜਾਂ ਘਟਾਉਂਦਾ ਹੈ। ਜੇ ਇਲਾਜ ਨਾ ਕੀਤਾ ਜਾਵੇ, ਤਾਂ ਇਹਨਾਂ ਵਿੱਚੋਂ ਬਹੁਤ ਸਾਰੇ ਰੋਗ ਗੰਭੀਰ ਮਾਨਸਿਕ ਵਿਕਲਾਂਗਤਾ, ਹੋਰ ਸਿਹਤ ਸਮੱਸਿਆਵਾਂ ਅਤੇ ਨਿਆਣੇ ਦੀ ਅਚਾਨਕ ਮੌਤ (ਸਡਨ ਇੰਫੈਂਟ ਡੈੱਥ) ਦਾ ਕਾਰਨ ਬਣ ਸਕਦੀਆਂ ਹਨ।

ਬੀ.ਸੀ. ਵਿੱਚ, ਹਰੇਕ ਸਾਲ (ਹਰ 750 ਵਿੱਚੋਂ 1) ਲਗਭਗ 60 ਬੱਚੇ ਪੈਦਾ ਹੁੰਦੇ ਹਨ ਜਿਨ੍ਹਾਂ ਵਿੱਚ ਇਹਨਾਂ ਵਿੱਚੋਂ ਇੱਕ ਵਿਕਾਰ ਪਾਇਆ ਜਾਂਦਾ ਹੈ।

## ਮੇਰੇ ਬੱਚੇ ਨੂੰ ਕਿਸ ਚੀਜ਼ ਲਈ ਸਕ੍ਰੀਨ ਕੀਤਾ ਜਾਏਗਾ?

ਤੁਹਾਡੇ ਬੱਚੇ ਦੀ 27 ਦੁਰਲੱਭ ਇਲਾਜਯੋਗ ਬਿਮਾਰੀਆਂ ਲਈ ਜਾਂਚ ਕੀਤੀ ਜਾਵੇਗੀ। ਇਹਨਾਂ ਵਿੱਚ ਸ਼ਾਮਲ ਹਨ

**ਮੈਟਾਬੌਲਿਕ ਬਿਮਾਰੀਆਂ (Metabolic disorders):** ਇਹ ਉਦੋਂ ਵਾਪਰਦੇ ਹਨ ਜਦੋਂ ਤੁਹਾਡੇ ਬੱਚੇ ਦਾ ਸਰੀਰ ਭੋਜਨ ਵਿੱਚ ਕੁਝ ਪਦਾਰਥਾਂ ਜਿਵੇਂ ਕਿ ਚਰਬੀ, ਪ੍ਰੋਟੀਨ ਅਤੇ/ਜਾਂ ਸ਼ੱਕਰ ਨੂੰ ਘੋਲ (ਮੈਟਾਬੋਲਾਈਜ਼) ਨਹੀਂ ਸਕਦਾ। ਇਹ ਪਦਾਰਥ ਇਕੱਠੇ ਹੋ ਸਕਦੇ ਹਨ ਅਤੇ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੇ ਹਨ। ਸ਼ੁਰੂਆਤੀ ਇਲਾਜ ਆਮ ਤੌਰ 'ਤੇ ਇਹਨਾਂ ਸਮੱਸਿਆਵਾਂ ਨੂੰ ਰੋਕ ਸਕਦਾ ਹੈ।

**ਐਂਡੋਕ੍ਰਾਇੰਨ ਬਿਮਾਰੀਆਂ (Endocrine disorders):** ਐਂਡੋਕਰਾਈਨ ਵਿਕਾਰ ਨਿਊਬੌਰਨ ਬਲੱਡ ਸਪੌਟ ਸਕ੍ਰੀਨਿੰਗ ਪੈਨਲ ਦੁਆਰਾ ਪਾਈਆਂ ਜਾਣ ਵਾਲੀਆਂ ਸਥਿਤੀਆਂ ਦਾ ਸਭ ਤੋਂ ਆਮ ਸਮੂਹ ਹੈ। ਇਹ ਵਿਕਾਰ ਉਦੋਂ ਵਾਪਰਦੇ ਹਨ ਜਦੋਂ ਤੁਹਾਡੇ ਬੱਚੇ ਦੀਆਂ ਥਾਇਰਾਇਡ ਜਾਂ ਐਡਰੀਨਲ ਗ੍ਰੰਥੀਆਂ ਲੋੜੀਂਦੇ ਹਾਰਮੋਨ ਪੈਦਾ ਨਹੀਂ ਕਰਦੀਆਂ। ਇਹਨਾਂ ਹਾਰਮੋਨਾਂ ਨੂੰ ਬਦਲਣ ਨਾਲ ਇਹਨਾਂ ਨੂੰ ਰੋਕਿਆ ਜਾ ਸਕਦਾ ਹੈ:

- ਵਿਕਾਸ ਦੀਆਂ ਸਮੱਸਿਆਵਾਂ
- ਬੌਧਿਕ ਅਸਮਰਥਤਾ ਜਾਂ ਵਿਕਾਸ ਸੰਬੰਧੀ ਦੇਰੀ
- ਸਦਮਾ
- ਅਣਕਿਆਸੀ ਮੌਤ

**ਖੂਨ ਦੀਆਂ ਬਿਮਾਰੀਆਂ (Blood disorders):** ਖੂਨ ਦੇ ਵਿਕਾਰ ਉਦੋਂ ਵਾਪਰਦੇ ਹਨ ਜਦੋਂ ਖੂਨ ਦੇ ਲਾਲ ਸੈੱਲ ਦਾ ਉਹ ਹਿੱਸਾ ਬਦਲ ਜਾਂਦਾ ਹੈ ਜੋ ਪੂਰੇ ਸਰੀਰ ਵਿੱਚ ਆਕਸੀਜਨ (ਹੀਮੋਗਲੋਬਿਨ) ਲੈ ਜਾਂਦਾ ਹੈ। ਹੀਮੋਗਲੋਬਿਨ ਮਹੱਤਵਪੂਰਨ ਹੈ ਕਿਉਂਕਿ ਇਹ ਫੇਫੜਿਆਂ ਵਿੱਚ ਆਕਸੀਜਨ ਚੁੱਕਦਾ ਹੈ ਅਤੇ ਇਸਨੂੰ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਪਹੁੰਚਾਉਂਦਾ ਹੈ। ਦਵਾਈਆਂ ਅਤੇ ਵਿਸ਼ੇਸ਼ ਇਲਾਜਾਂ ਰਾਹੀਂ ਗੰਭੀਰ ਸਿਹਤ ਸਮੱਸਿਆਵਾਂ ਨੂੰ ਰੋਕਿਆ ਜਾ ਸਕਦਾ ਹੈ।

**ਸਿਸਟਿਕ ਫਾਈਬ੍ਰੋਸਿਸ (Cystic Fibrosis):** ਸਿਸਟਿਕ ਫਾਈਬਰੋਸਿਸ (CF) ਇੱਕ ਵਿਰਾਸਤੀ ਵਿਗਾੜ ਹੈ ਜੋ ਫੇਫੜਿਆਂ ਵਿੱਚ ਗਾੜ੍ਹੀ ਬਲਗ਼ਮ ਬਣਾਉਣ ਦਾ ਕਾਰਨ ਬਣਦਾ ਹੈ ਅਤੇ ਪਾਚਨ ਪ੍ਰਣਾਲੀ ਨੂੰ ਪ੍ਰਭਾਵਿਤ ਕਰ ਸਕਦਾ ਹੈ। ਜੇਕਰ ਤੁਹਾਡੇ ਬੱਚੇ ਨੂੰ CF ਹੈ, ਤਾਂ ਉਹਨਾਂ ਨੂੰ ਅਕਸਰ ਛਾਤੀ ਦੀ ਲਾਗ ਅਤੇ ਭੋਜਨ ਨੂੰ ਹਜ਼ਮ ਕਰਨ ਵਿੱਚ ਸਮੱਸਿਆਵਾਂ ਹੋ ਸਕਦੀਆਂ ਹਨ। ਜਿਸ ਦੇ ਨਤੀਜੇ ਵਜੋਂ ਭਾਰ ਘੱਟ ਹੋ ਸਕਦਾ ਹੈ। ਇਲਾਜ ਵਿਕਾਸ ਵਿੱਚ ਮਦਦ ਕਰ ਸਕਦਾ ਹੈ ਅਤੇ ਫੇਫੜਿਆਂ ਦੀ ਲਾਗ ਦੇ ਜੋਖਮ ਨੂੰ ਘਟਾ ਸਕਦਾ ਹੈ।

**ਸਪਾਈਨਲ ਮਸਕਿਉਲਰ ਐਟ੍ਰੋਫੀ (Spinal Muscular Atrophy (SMA)):** SMA ਉਹਨਾਂ ਨਸਾਂ ਨੂੰ ਪ੍ਰਭਾਵਿਤ ਕਰਦਾ ਹੈ ਜੋ ਮਾਸਪੇਸ਼ੀਆਂ ਦੀ ਗਤੀ ਨੂੰ ਨਿਯੰਤਰਿਤ ਕਰਦੇ ਹਨ। SMA ਵਾਲੇ ਸ਼ਿਸ਼ੂਆਂ ਅਤੇ ਬੱਚਿਆਂ ਨੂੰ ਨਿਗਲਣ, ਰੇਂਗਣ, ਬੈਠਣ ਜਾਂ ਤੁਰਨ ਵਿੱਚ ਮੁਸ਼ਕਲ ਹੋ ਸਕਦੀ ਹੈ। ਇਲਾਜ ਇਹਨਾਂ ਵਿੱਚੋਂ ਕੁਝ ਸਮੱਸਿਆਵਾਂ ਨੂੰ ਹੌਲੀ ਕਰ ਸਕਦਾ ਜਾਂ ਰੋਕ ਸਕਦਾ ਹੈ।

**ਸਵੀਅਰ ਕੰਮਬਾਈਂਡ ਇਮਯੂਨੋਡੈਫੀਸ਼ੀਐਂਸੀ (Severe Combined Immunodeficiency (SCID)):** SCID ਬੱਚੇ ਦੇ ਇਮਿਊਨ ਸਿਸਟਮ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਲਾਗਾਂ ਜਾਂ ਕੀਟਾਣੂਆਂ ਨਾਲ ਲੜਨਾ ਔਖਾ ਬਣਾਉਂਦਾ ਹੈ। ਸ਼ੁਰੂਆਤੀ ਇਲਾਜ ਸਮੁੱਚੀ ਸਿਹਤ ਵਿੱਚ ਬਹੁਤ ਸੁਧਾਰ ਕਰ ਸਕਦਾ ਹੈ।

ਇਹਨਾਂ ਵਿਗਾੜਾਂ ਬਾਰੇ ਵਧੇਰੇ ਜਾਣਕਾਰੀ ਅਤੇ ਜਲਦੀ ਪਤਾ ਲਗਾਉਣ ਅਤੇ ਇਲਾਜ ਦੇ ਲਾਭਾਂ ਲਈ, ਪੇਰੀਨੇਟਲ ਸਰਵਿਸਿਜ਼ ਬੀ ਸੀ www.perinatalservicesbc.ca/our-services/screening-programs/prenatal-genetic-screening 'ਤੇ ਜਾਓ।

## ਮੇਰੇ ਬੱਚੇ ਨੂੰ ਕਿਵੇਂ ਸਕ੍ਰੀਨ ਕੀਤਾ ਜਾਏਗਾ?

ਤੁਹਾਡੇ ਬੱਚੇ ਦੀ ਅੱਡੀ ਵਿੱਚ ਚੁੱਭੋ ਕੇ ਖੂਨ ਦੀਆਂ ਕੁਝ ਬੂੰਦਾਂ ਲਈਆਂ ਜਾਂਦੀਆਂ ਹਨ ਅਤੇ ਇੱਕ ਵਿਸ਼ੇਸ਼ ਕਾਰਡ ਵਿੱਚ ਪਾ ਦਿੱਤੀਆਂ ਜਾਂਦੀਆਂ ਹਨ। ਹੋ ਸਕਦਾ ਹੈ ਤੁਹਾਡਾ ਬੱਚਾ ਰੋਏ, ਪਰ ਖੂਨ ਦਾ ਨਮੂਨਾ ਲੈਣ ਨਾਲ ਤੁਹਾਡੇ ਬੱਚੇ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਤੁਸੀਂ ਆਪਣੇ ਬੱਚੇ ਨੂੰ ਆਪਣੀ ਆਵਾਜ਼ ਨਾਲ ਸ਼ਾਂਤ ਕਰਨ ਅਤੇ ਆਰਾਮਦਾਇਕ ਛੋਹ ਪ੍ਰਦਾਨ ਕਰਕੇ ਉਹਨਾਂ ਨੂੰ ਦਿਲਾਸਾ ਦੇਣ ਵਿੱਚ ਮਦਦ ਕਰ ਸਕਦੇ ਹੋ। ਕੁਝ ਸਥਿਤੀਆਂ ਵਿੱਚ ਤੁਸੀਂ ਖੂਨ ਲੈਣ ਦੇ ਦੌਰਾਨ ਉਹਨਾਂ ਨੂੰ ਫੜਨ ਅਤੇ ਛਾਤੀ ਦਾ ਦੁੱਧ ਪਿਲਾਉਣ ਦੇ ਯੋਗ ਹੋ ਸਕਦੇ ਹੋ। ਖੂਨ ਦੇ ਨਮੂਨੇ ਨੂੰ ਜਾਂਚ ਲਈ ਬੀ ਸੀ ਚਿਲਡਰਨ ਹਸਪਤਾਲ ਦੀ ਪ੍ਰਯੋਗਸ਼ਾਲਾ ਵਿੱਚ ਭੇਜਿਆ

ਜਾਂਦਾ ਹੈ। ਉਸੇ ਖ਼ੂਨ ਦੇ ਨਮੂਨੇ ਦੀ ਵਰਤੋਂ ਸਕ੍ਰੀਨਿੰਗ ਪੈਨਲ 'ਤੇ ਸਾਰੀਆਂ ਬਿਮਾਰੀਆਂ ਲਈ ਸਕ੍ਰੀਨ ਕਰਨ ਲਈ ਕੀਤੀ ਜਾਂਦੀ ਹੈ।

## ਮੇਰੇ ਬੱਚੇ ਦਾ ਟੈਸਟ ਜਨਮ ਤੋਂ ਕਿੰਨੇ ਸਮੇਂ ਬਾਅਦ ਕੀਤਾ ਜਾਏਗਾ?

ਨਵਜੰਮੇ ਬੱਚੇ ਦੀ ਸਕਰੀਨਿੰਗ ਖ਼ੂਨ ਦੇ ਨਮੂਨੇ ਨੂੰ ਇਕੱਠਾ ਕਰਨ ਦਾ ਆਦਰਸ਼ ਸਮਾਂ ਜਨਮ ਤੋਂ 24 ਤੋਂ 48 ਘੰਟੇ ਬਾਅਦ ਹੁੰਦਾ ਹੈ। ਇਹ ਤੁਹਾਡੇ ਬੱਚੇ ਦੇ ਹਸਪਤਾਲ ਛੱਡਣ ਤੋਂ ਪਹਿਲਾਂ, ਜਾਂ ਘਰ ਵਿੱਚ ਤੁਹਾਡੀ ਦਾਈ ਦੁਆਰਾ ਕੀਤਾ ਜਾਵੇਗਾ ਜੇਕਰ ਤੁਹਾਡੇ ਬੱਚੇ ਦਾ ਜਨਮ ਘਰ ਵਿੱਚ ਹੋਇਆ ਹੈ।

## ਜੇ ਮੈਂ ਜਨਮ ਤੋਂ 24 ਘੰਟੇ ਤੋਂ ਘੱਟ ਬਾਅਦ ਆਪਣੇ ਬੱਚੇ ਦੇ ਨਾਲ ਘਰ ਚਲੀ ਜਾਂਦੀ ਹਾਂ ਤਾਂ ਕੀ?

ਹਸਪਤਾਲ ਛੱਡਣ ਤੋਂ ਪਹਿਲਾਂ ਇੱਕ ਖ਼ੂਨ ਦਾ ਨਮੂਨਾ ਲਿਆ ਜਾਵੇਗਾ ਜਦੋਂ ਤੱਕ ਕਿ ਤੁਹਾਡੀ ਦਾਈ ਨਾਲ ਜੀਵਨ ਦੇ 24-48 ਘੰਟਿਆਂ ਦੇ ਵਿਚਕਾਰ ਕਮਿਊਨਿਟੀ ਵਿੱਚ ਇਕੱਠਾ ਕਰਨ ਦਾ ਪ੍ਰਬੰਧ ਨਹੀਂ ਕੀਤਾ ਜਾਂਦਾ। 24 ਘੰਟਿਆਂ ਤੋਂ ਘੱਟ ਉਮਰ ਵਿੱਚ ਵੀ ਸਕ੍ਰੀਨਿੰਗ 80% ਤੋਂ ਵੱਧ ਵਿਕਾਰਾਂ ਦਾ ਪਤਾ ਲਗਾਉਂਦੀ ਹੈ। ਜੇਕਰ ਤੁਹਾਡੇ ਬੱਚੇ ਨੂੰ ਇਹਨਾਂ ਵਿੱਚੋਂ ਕੋਈ ਇੱਕ ਵਿਕਾਰ ਹੈ ਤਾਂ ਜਲਦੀ ਪਤਾ ਲਗਾਉਣਾ ਮਹੱਤਵਪੂਰਨ ਹੈ। ਤੁਹਾਨੂੰ 2 ਹਫ਼ਤਿਆਂ ਦੇ ਅੰਦਰ ਨਮੂਨੇ ਨੂੰ ਦੁਹਰਾਉਣ ਦੇ ਤਰੀਕੇ ਬਾਰੇ ਨਿਰਦੇਸ਼ ਪ੍ਰਾਪਤ ਹੋਣਗੇ। ਦੂਜੇ ਨਮੂਨੇ ਦਾ ਉਦੇਸ਼ ਉਹਨਾਂ ਕੁਝ ਵਿਗਾੜਾਂ ਦੀ ਦੋ ਵਾਰ ਜਾਂਚ ਕਰਨਾ ਹੈ ਜੋ ਪਹਿਲੀ (ਸ਼ੁਰੂਆਤੀ) ਸਕ੍ਰੀਨ 'ਤੇ ਖੁੰਝ ਸਕਦੀਆਂ ਹਨ।

## ਕੀ ਮੈਂ ਉਡੀਕ ਕਰ ਸਕਦੀ ਹਾਂ ਅਤੇ ਬਾਅਦ ਵਿੱਚ ਆਪਣੇ ਬੱਚੇ ਨੂੰ ਸਕ੍ਰੀਨ ਕਰਵਾ ਸਕਦੀ ਹਾਂ?

ਜਿੰਨੀ ਜਲਦੀ ਇਹਨਾਂ ਇਲਾਜਯੋਗ ਵਿਕਾਰਾਂ ਦਾ ਪਤਾ ਲਗ ਜਾਂਦਾ ਹੈ, ਉਨਾਂ ਹੀ ਇਹਨਾਂ ਵਿਗਾੜਾਂ ਵਾਲੇ ਬੱਚਿਆਂ ਲਈ ਨਤੀਜਾ ਬਿਹਤਰ ਹੁੰਦਾ ਹੈ।ਇਸਦੀ ਜ਼ੋਰਦਾਰ ਢੰਗ ਨਾਲ ਸਲਾਹ ਦਿੱਤੀ ਜਾਂਦੀ ਹੈ ਕਿ ਹਸਪਤਾਲ ਤੋਂ ਬਾਹਰ ਜਾਣ ਤੋਂ ਪਹਿਲਾਂ ਤੁਹਾਡੇ ਬੱਚੇ ਦਾ ਖ਼ੂਨ ਦਾ ਨਮੂਨਾ ਲਿਆ ਜਾਵੇ।ਜੇ ਤੁਸੀਂ ਇਹ ਫੈਸਲਾ ਕਰਦੇ ਹੋ ਕਿ ਤੁਹਾਡੇ ਬੱਚੇ ਦੇ ਖ਼ੂਨ ਦਾ ਨਮੂਨਾ ਹਸਪਤਾਲ ਛੱਡੇ ਜਾਣ ਤੋਂ ਪਹਿਲਾਂ ਨਾ ਲਿਆ ਜਾਵੇ, ਅਤੇ ਉਸ ਦੇ ਖ਼ੂਨ ਦਾ ਨਮੂਨਾ ਬਾਅਦ ਵਿੱਚ ਲਿਆ ਜਾਵੇ ਤਾਂ ਤੁਹਾਨੂੰ ਇੱਕ ਫਾਰਮ 'ਤੇ ਦਸਤਖਤ ਕਰਨ ਦੀ ਜ਼ਰੂਰਤ ਹੋਏਗੀ।ਇਸ ਫਾਰਮ ਤੋਂ ਪਤਾ ਲੱਗਦਾ ਹੈ ਕਿ ਤੁਸੀਂ ਟੈਸਟ ਲਈ ਕਾਰਨਾਂ ਅਤੇ ਤੁਹਾਡੇ ਬੱਚੇ ਲਈ ਸੰਭਵ ਨਤੀਜਿਆਂ ਨੂੰ ਸਮਝਦੇ ਹੋ ਜੇਕਰ ਜਾਂਚ ਬਹੁਤ ਦੇਰ ਨਾਲ ਹੁੰਦੀ ਹੈ ਜਾਂ ਬਿਲਕੁਲ ਨਹੀਂ ਹੁੰਦੀ।

## ਮੈਂ ਸਕ੍ਰੀਨਿੰਗ ਦੇ ਨਤੀਜਿਆਂ ਦਾ ਪਤਾ ਕਿਵੇਂ ਲਗਾਵਾਂ?

ਤੁਹਾਡੇ ਬੱਚੇ ਦੇ ਸਕ੍ਰੀਨਿੰਗ ਨਤੀਜੇ ਤੁਹਾਡੇ ਬੱਚੇ ਦੇ ਡਾਕਟਰ ਜਾਂ ਦਾਈ ਨੂੰ ਭੇਜੇ ਜਾਂਦੇ ਹਨ।

## ਸਕ੍ਰੀਨ ਨੈਗੇਟਿਵ ਹੈ ਤਾਂ ਇਸ ਦਾ ਕੀ ਮਤਲਬ ਹੈ?

ਨੈਗੇਟਿਵ ਸਕ੍ਰੀਨ ਦਾ ਮਤਲਬ ਹੈ ਕਿ ਇਹ ਸੰਜੋਗ ਕਿ ਤੁਹਾਡੇ ਬੱਚੇ ਨੂੰ ਬਿਮਾਰੀਆਂ ਵਿਚੋਂ ਇੱਕ ਹੈ ਬਹੁਤ ਨਿੰਮ੍ਹਾ ਹੈ।ਇਹ ਵਿਰਲੇ ਹੀ ਹੁੰਦਾ ਹੈ ਕਿ ਟੈਸਟ ਬੱਚੇ ਵਿਚਲੀ ਬੀਮਾਰੀ ਦਾ ਪਤਾ ਨਾ ਲਗਾਏ।

## ਇਸਦਾ ਕੀ ਮਤਲਬ ਹੈ ਜੇਕਰ ਸਕ੍ਰੀਨ ਪਾਜ਼ਿਟਿਵ ਹੈ ਅਤੇ ਅੱਗੇ ਕੀ ਹੋਵੇਗਾ?

ਪਾਜ਼ਿਟਿਵ ਸਕ੍ਰੀਨ ਦਾ ਮਤਲਬ ਹੈ ਕਿ ਕੋਈ ਸਿਹਤ ਸਮੱਸਿਆ ਹੋ ਸਕਦੀ ਹੈ। ਇਸ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਬੱਚੇ ਨੂੰ ਇਹਨਾਂ ਬਿਮਾਰੀਆਂ ਵਿੱਚੋਂ ਇੱਕ ਹੈ, ਪਰ ਇਹ ਸੰਭਵ ਹੋ ਸਕਦਾ ਹੈ। ਇਹ ਪੱਕਾ ਪਤਾ ਕਰਨ ਲਈ ਹੋਰ ਟੈਸਟਾਂ ਦੀ ਲੋੜ ਪਵੇਗੀ। ਫਾਲੋ-ਅੱਪ ਟੈਸਟਿੰਗ ਦੀ ਕਿਸਮ ਜਾਂਚ ਕੀਤੇ ਜਾ ਰਹੇ ਵਿਗਾੜਾਂ 'ਤੇ ਨਿਰਭਰ ਕਰੇਗੀ ਅਤੇ ਇਸ ਵਿੱਚ ਖ਼ੂਨਦੇ ਹੋਰ ਟੈਸਟ ਸ਼ਾਮਲ ਹੋ ਸਕਦੇ ਹਨ।

ਜੇ ਤੁਹਾਡੇ ਬੱਚੇ ਨੂੰ ਇੰਨਾਂ ਵਿੱਚੋਂ ਇੱਕ ਅਵਸਥਾ ਹੈ, ਤਾਂ ਤੁਹਾਨੂੰ ਇੰਨਾਂ ਬਿਮਾਰੀਆਂ ਦਾ ਇਲਾਜ ਕਰਨ ਵਿੱਚ ਅਨੁਭਵ ਵਾਲੇ ਡਾਕਟਰ ਕੋਲ ਭੇਜਿਆ ਜਾਏਗਾ।

## ਜਦੋਂ ਸਕ੍ਰੀਨਿੰਗ ਪੂਰੀ ਹੋ ਜਾਂਦੀ ਹੈ ਤਾਂ ਮੇਰੇ ਬੱਚੇ ਦੇ ਖ਼ੂਨ ਦੇ ਨਮੂਨੇ (ਬਲੱਡ ਸਪੌਟ ਕਾਰਡ) ਦਾ ਕੀ ਹੁੰਦਾ ਹੈ?

ਤੁਹਾਡੇ ਬੱਚੇ ਦੇ ਖ਼ੂਨ ਸਪੌਟ ਕਾਰਡ ਨੂੰ ਬਚੇ ਹੋਏ ਖ਼ੂਨ ਦੇ ਨਾਲ 10 ਸਾਲਾਂ ਲਈ ਰੱਖਦਾ ਹੈ।ਕਦੇ-ਕਦਾਈਂ, ਟੈਸਟ ਕਰਵਾਏ ਜਾਣ ਤੋਂ ਬਾਅਦ ਸੁਕਾਏ ਗਏ ਖ਼ੂਨ ਦੇ ਨਮੂਨੇ ਨੂੰ ਹੋਰ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:

- ਜੇ ਜਾਂਚ ਦਾ ਪਹਿਲਾ ਨਤੀਜਾ ਸਪੱਸ਼ਟ ਨਹੀਂ ਹੈ ਤਾਂ ਦੁਬਾਰਾ ਜਾਂਚ ਕਰਨ ਲਈ
- ਕਿਸੇ ਸਿਹਤ ਸਮੱਸਿਆ ਦਾ ਕਾਰਣ ਲੱਭਣ ਦੀ ਕੋਸ਼ਿਸ਼ ਕਰਨਾ ਜੋ ਬੱਚੇ ਦੇ ਜੀਵਨ ਵਿੱਚ ਬਾਅਦ ਵਿੱਚ ਵਿਕਸਤ ਹੋਈ ਜਾਂ ਕਿਸੇ ਬੱਚੇ ਦੀ ਅਸਪਸ਼ਟ ਬੀਮਾਰੀ ਜਾਂ ਮੌਤ ਦੇ ਕਾਰਨ ਦਾ ਪਤਾ ਕਰਨ ਦੀ ਕੋਸ਼ਿਸ਼ ਲਈ
- ਇਹ ਪੱਕਾ ਕਰਨ ਲਈ ਕਿ ਪ੍ਰਯੋਗਸ਼ਾਲਾ ਦੁਆਰਾ ਕੀਤੇ ਗਏ ਟੈਸਟਾਂ ਦੀ ਗੁਣਵੱਤਾ ਦੀ ਜਾਂਚ ਕਰਨਾ ਕਿ ਨਤੀਜੇ ਸਹੀ ਹਨ
- ਵਿਕਾਰਾਂ ਦੀ ਸਕ੍ਰੀਨਿੰਗ ਲਈ ਬਿਹਤਰ ਜਾਂ ਨਵੇਂ ਟੈਸਟਾਂ ਦਾ ਵਿਕਾਸ ਕਰਨ ਲਈ

ਨਮੂਨਿਆਂ ਨੂੰ ਸਿਹਤ ਖੋਜ ਲਈ ਵੀ ਵਰਤਿਆ ਜਾ ਸਕਦਾ ਹੈ ਜੇਕਰ ਖੋਜ ਨੂੰ ਕਲੀਨੀਕਲ ਰਿਸਰਚ ਐਥਿਕਸ ਬੋਰਡ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੈ। ਇਨ੍ਹਾਂ ਮਾਮਲਿਆਂ ਵਿਚ, ਬੱਚੇ ਦੀ ਪਛਾਣ ਕਰਨ ਵਾਲੀ ਸਾਰੀ ਜਾਣਕਾਰੀ ਨੂੰ ਹਟਾ ਦਿੱਤਾ ਜਾਂਦਾ ਹੈ।

ਜੇ ਤੁਸੀਂ ਇਹ ਨਹੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਦੇ ਸਟੋਰ ਕੀਤੇ ਗਏ ਬਲੱਡ ਸਪੌਟ ਕਾਰਡ ਨੂੰ ਇਨ੍ਹਾਂ ਉਦੇਸ਼ਾਂ ਲਈ ਵਰਤਿਆ ਜਾਵੇ, ਤਾਂ ਤੁਸੀਂ "ਡਾਈਰੈਕਟਿਵ ਟੂ ਡਿਸਟਰੋਏ ਲੈਫਟਓਵਰ ਨਿਊਬੌਰਨ ਸਕ੍ਰੀਨਿੰਗ ਬਲੱਡ ਸੈਂਪਲਜ਼"(Directive to Destroy Leftover Newborn Screening Blood samples) ਨਾਮਕ ਇਕ ਫਾਰਮ ਭਰ ਸਕਦੇ ਹੋ ਅਤੇ ਇਸਨੂੰ ਬੀਸੀ ਨਿਊਬੌਰਨ ਸਕਰੀਨਿੰਗ ਪ੍ਰੋਗਰਾਮ ਨੂੰ ਭੇਜ ਸਕਦੇ ਹੋ।ਵੇਰਵੇ ਲਈ www.perinatalservicesbc.ca/our-services/screening-programs/prenatal-genetic-screening ਤੇ ਜਾਓ।

ਹੈਲਥਲਿੰਕਬੀਸੀ ਫਾਇਲਾਂ ਦੇ ਹੋਰ ਵਿਸ਼ਿਆਂ ਵਾਸਤੇ, www.HealthLinkBC.ca/more/resources/healthlink-bc-files ਤੇ ਜਾਂ ਆਪਣੇ ਸਥਾਨਕ ਪਬਲਿਕ ਹੈਲਥ ਯੂਨਿਟ ਕੋਲ ਜਾਓ।ਬੀ. ਸੀ. ਵਿੱਚ ਸਿਹਤ ਸੰਬੰਧੀ ਨੌਨ-ਐਮਰਜੈਂਸੀ ਜਾਣਕਾਰੀ ਅਤੇ ਸਲਾਹ ਲਈ, www.HealthLinkBC.ca ਤੇ ਜਾਓ ਜਾਂ **8-1-1** (ਟੋਲ ਫ੍ਰੀ) ਤੇ ਫੋਨ ਕਰੋ।ਬਹਿਰੇ ਅਤੇ ਉੱਚਾ ਸੁਣਨ ਵਾਲਿਆਂ ਦੀ ਸਹਾਇਤਾ ਵਾਸਤੇ, **7-1-1** ਤੇ ਫੋਨ ਕਰੋ। ਬੇਨਤੀ ਕਰਨ ਤੇ 130 ਤੋਂ ਵੱਧ ਭਾਸ਼ਾਵਾਂ ਵਿੱਚ ਅਨੁਵਾਦ ਸੇਵਾਵਾਂ ਉਪਲਬਧ ਹਨ।